**ELECTION CELL**
*Electoral Registration Officer,*
**AC- 093-BATHINDA RURAL(SC)**
Gpc Bti, Civil Block, Opposite Cantonment Area Btl.
Email:: Bathindarural093ac@gmail.com

ਜ਼ਿੰਮੇਵਾਰ ਬਣੋ — ਵੋਟਰ ਬਣੋ

No ਚਸ/2026/423 — Dated: 07-04-2026

ਵੱਲ,

ਸਮੂਹ ਸੁਪਰਵਾਈਜ਼ਰ/ਬੀ.ਐਲ.ਓ
093 ਬਠਿੰਡਾ ਦਿਹਾਤੀ।

ਵਿਸ਼ਾ:- **Regarding Mapping of Electors .**

ਹਵਾਲਾ:- **ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦੇ ਦਫ਼ਤਰ ਦੇ ਪੱਤਰ ਨੰ: 682-87 ਮਿਤੀ: 20-03-2026 ਅਤੇ ਇਸ ਦਫ਼ਤਰ ਦੇ ਪੱਤਰ ਨੰ: 400 ਮਿਤੀ: 30-03-2026 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਮੈਪਿੰਗ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਸਬੰਧੀ ਮਾਣਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋਂ ਮਿਤੀ: 06-04-2026 ਨੂੰ ਜਿਲ੍ਹਾ-ਚੋਣ-ਅਫ਼ਸਰ, ਬਠਿੰਡਾ ਜੀ ਅਤੇ ਸਮੂਹ ਈ.ਆਰ.ਓ ਨਾਲ ਵੀ.ਸੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਵੋਟਰ ਮੈਪਿੰਗ ਦੀ ਪ੍ਰਤੀਸ਼ਤਤਾ ਵਧਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

ਹੁਣ ਇਸ ਸਬੰਧੀ ਸਮੂਹ ਸੁਪਰਵਾਈਜ਼ਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਆਪਣੇ ਅਧੀਨ ਆਉਂਦੇ ਬੂਥਾਂ ਦੀ ਮੈਪਿੰਗ ਸਬੰਧੀ ਰਿਪੋਰਟ ਰੋਜ਼ਾਨਾ ਮੋਨੀਟਰ ਕਰਨਗੇ ਅਤੇ ਸੰਬੰਧਤ ਬੀ.ਐਲ.ਓ ਦੀ ਫ਼ੀਲਡ ਵਿੱਚ ਹਾਜ਼ਰੀ ਚੈੱਕ ਕਰਨੀ ਅਤੇ ਲੋੜੀਂਦਾ ਸਹਿਯੋਗ ਦੇਣਾ ਯਕੀਨੀ ਬਣਾਉਣਗੇ ਅਤੇ ਆਪਣੇ ਸੈਕਟਰ ਦਾ 100 ਪ੍ਰਤੀਸ਼ਤ ਕੰਮ **ਮਿਤੀ: 13.04.2026 ਤੱਕ ਪੂਰਾ ਕਰਵਾਉਣ** ਦੇ ਪਾਬੰਦ ਹੋਣਗੇ। ਇਸ ਸਬੰਧੀ ਮਿਤੀ: 10-04-2026 ਤੋਂ ਮਿਤੀ: 12-04-2026 ਤੱਕ ਬੂਥਾਂ ਤੇ ਸਪੈਸ਼ਲ ਕੈਂਪ ਲਗਾਏ ਜਾਣ ਅਤੇ ਮਿਤੀ: 13.04.2026 ਤੱਕ ਕੰਮ ਮੁਕੰਮਲ ਕੀਤਾ ਜਾ ਸਕੇ ਅਤੇ ਅਗਾਮੀ ਹੋਣ ਵੀਡਿਓ ਕਾਨਫ਼ਰੰਸ ਤੱਕ ਇਸ ਕੰਮ ਨੂੰ ਹਰ ਹਾਲਤ ਵਿੱਚ ਮੁਕੰਮਲ ਕੀਤਾ ਜਾ ਸਕੇ। **ਨਿਯਤ ਮਿਤੀ ਤੋਂ ਬਾਅਦ ਜੇਕਰ ਕਿਸੇ ਬੀ.ਐਲ.ਓ ਦੀ ਵੋਟਰ ਮੈਪਿੰਗ ਸਬੰਧੀ ਘੱਟ ਪ੍ਰੋਗਰੈਸ ਪਾਈ ਜਾਂਦੀ ਹੈ ਤਾਂ ਸਬੰਧਤ ਬੀ.ਐਲ.ਓ ਅਤੇ ਸੈਕਟਰ ਅਫ਼ਸਰ ਦੇ ਖ਼ਿਲਾਫ਼ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਕਾਨੂੰਨੀ ਕਾਰਵਾਈ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖ ਦਿੱਤਾ ਜਾਵੇਗਾ ਜਿਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਬੀ.ਐਲ.ਓ ਅਤੇ ਸੈਕਟਰ ਅਫ਼ਸਰ ਦੀ ਹੋਵੇਗੀ ਇਸ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ ਅਤੇ ਨਿਮਨਹਸਤਾਖ਼ਰ ਦੇ ਹੁਕਮਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ।**

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ ।

ਪਿੱਠ ਅੰਕਣ ਨੰ: 424-25 — ਮਿਤੀ: 07-04-2026

ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ।
2. ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਇਸ ਦਫ਼ਤਰ ਦੇ ਪਿੱਠ ਅੰਕਣ ਨੰ: 401-02 ਮਿਤੀ: 30-03-2026 ਦੀ ਲਗਾਤਾਰਤਾ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਕਰਮਚਾਰੀਆਂ ਦੀ ਡਿਊਟੀ 093 ਬਠਿੰਡਾ ਦਿਹਾਤੀ ਹਲਕੇ ਅਧੀਨ ਬਤੌਰ ਬੀ.ਐਲ.ਓ/ਸੁਪਰਵਾਈਜ਼ਰ ਲੱਗੀ ਹੋਈ ਹੈ, **ਉਨ੍ਹਾਂ ਨੂੰ ਮਿਤੀ: 16-04-2026 ਤੱਕ ਵਿਭਾਗੀ ਕੰਮ ਤੋਂ ਫ਼ਾਰਗ ਕੀਤਾ ਜਾਵੇ** ਅਤੇ ਉਕਤ ਅਨੁਸਾਰ ਕੈਂਪਾਂ ਦੌਰਾਨ 093 ਅਧੀਨ ਆਉਂਦੇ ਬੂਥਾਂ/ਬਿਲਡਿੰਗਾਂ/ਸਕੂਲਾਂ ਨੂੰ ਸਮੇਂ ਸਿਰ ਖੁੱਲ੍ਹਾ ਰੱਖਿਆ ਜਾਵੇ ਅਤੇ ਕੈਂਪ ਦੌਰਾਨ ਬੀ.ਐਲ.ਓ ਦੇ ਸਹਿਯੋਗ ਲਈ ਲੋੜੀਂਦਾ ਫ਼ਰਨੀਚਰ/ਪਾਣੀ ਆਦਿ ਦਾ ਪਬੰਧ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਉਕਤ ਅਨੁਸਾਰ ਚੱਲ ਰਹੇ ਅਹਿਮ ਕੰਮਾਂ ਨੂੰ ਸਮੇਂ

2265048 0
914


ਜਿੰਮੇਵਾਰ ਬਣੋ

**ELECTION CELL**

*Electoral Registration Officer,*

**AC- 093-BATHINDA RURAL(SC)**

Gpc Btl, Civil Block, Opposite Cantonment Area Btl.

Email:: Bathindarural093ac@gmail.com

ਵੋਟਰ ਬਣੋ


No ਚਸ/2026/426

Dated: 07-04-2026

ਡੀ-1

ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਜ਼ਿਲ੍ਹਾ ਬਠਿੰਡਾ।

ਵਿਸ਼ਾ:- **ਬੀ.ਐਲ.ਓ ਦੀ ਕਿਸੇ ਹੋਰ ਕੰਮ ਅਧੀਨ ਡਿਊਟੀ ਨਾ ਲਗਾਉਣ ਸਬੰਧੀ।**

ਹਵਾਲਾ:- ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੇ ਦਫ਼ਤਰ ਦੇ ਪੱਤਰ ਨੰ: ਚੋਣ-2026/829-34 ਮਿਤੀ: 07-04-2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਮੈਪਿੰਗ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਸਬੰਧੀ ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋਂ ਮਿਤੀ: 06-04-2026 ਨੂੰ ਜ਼ਿਲ੍ਹਾ-ਚੋਣ-ਅਫ਼ਸਰ, ਬਠਿੰਡਾ ਜੀ ਅਤੇ ਸਮੂਹ ਈ.ਆਰ.ਓ ਨਾਲ ਵੀ.ਸੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਵੋਟਰ ਮੈਪਿੰਗ ਦੀ ਪ੍ਰਤੀਸ਼ਤਤਾ ਵਧਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ 093 ਬਠਿੰਡਾ ਦਿਹਾਤੀ ਹਲਕੇ ਅਧੀਨ ਕੰਮ ਕਰ ਰਹੇ ਬੀ.ਐਲ.ਓ ਨੂੰ **ਕਿਸੇ ਕਿਸਮ ਦਾ ਵਿਭਾਗੀ ਵਾਧੂ ਕੰਮ ਨਾ ਦਿੱਤਾ ਜਾਵੇ ਅਤੇ ਜਿਵੇਂ ਕਿ ਜਨਗਣਨਾ ਜਾਂ ਕਿਸੇ ਹੋਰ ਤਰ੍ਹਾਂ ਦੇ ਸਰਵੇ** ਆਦਿ ਤਾਂ ਜੋ ਉਕਤ ਅਨੁਸਾਰ ਵੋਟਰ ਸੂਚੀਆਂ ਦੀ ਮੈਪਿੰਗ ਸਬੰਧੀ ਚੱਲ ਰਹੇ ਅਹਿਮ ਕੰਮ ਨੂੰ ਸਮੇਂ-ਸਿਰ ਮੁਕੰਮਲ ਕੀਤਾ ਜਾ ਸਕੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ।

ਪਿੱਠ ਅੰਕਣ ਨੰ: 427

ਮਿਤੀ: 07-04-2026

ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-1/1(3)/2026/8012 ਮਿਤੀ 09-04-26

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਸਬੰਧਤ ਬੀ.ਐਲ.ਓ ਸਕੂਲ ਵਿੱਚ 8 ਵਜੇ ਤੋਂ 11 ਵਜੇ ਤੱਕ ਡਿਊਟੀ ਨਿਭਾਉਣਗੇ ਅਤੇ ਸ੍ਰੀ 11 ਵਜੇ ਤੋਂ ਬਾਅਦ ਬੀ.ਐਲ.ਓ ਦੀ ਡਿਊਟੀ ਨਿਭਾਉਣਾ ਯਕੀਨੀ ਬਣਾਉਣਗੇ।

9/4/26
ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਬਠਿੰਡਾ
09/04/26